### ਕਦਮ 3 – ਉਡੀਕ ਕਰਨ ਦਾ ਸਮਾਂ

ਜੇ ਤੁਹਾਡੀ ਅਸੈੱਸਮੈਂਟ ਕੀਤੀ ਜਾ ਰਹੀ ਹੈ ਅਤੇ ਤੁਸੀਂ ਉਸ ਤਰੀਕੇ ਲਈ ਯੋਗ ਸਮਝੇ ਗਏ ਹੋ ਜਿਸ ਵਿਚ ਨੇੜ ਭਵਿੱਖ ਵਿਚ ਕੁਦਰਤੀ ਮੌਤ ਨਾ ਹੋਣਾ ਸ਼ਾਮਲ ਹੈ, ਫੈਡਰਲ ਕਾਨੂੰਨ ਇਹ ਮੰਗ ਕਰਦੇ ਹਨ ਕਿ ਤੁਹਾਡਾ ਅਸੈੱਸਮੈਂਟ ਦਾ ਸਮਾਂ ਘੱਟੋ ਘੱਟ 90 ਦਿਨ ਹੋਣਾ ਚਾਹੀਦਾ ਹੈ। ਨੇੜ ਭਵਿੱਖ ਵਿਚ ਕੁਦਰਤੀ ਮੌਤ ਦੀ ਸੰਭਾਵਨਾ ਵਾਲਿਆਂ ਨੂੰ ਅਸੈੱਸਮੈਂਟ ਦੇ ਮਿੱਥੇ ਸਮੇਂ ਵਿਚ ਦੀ ਜਾਣ ਦੀ ਲੋੜ ਨਹੀਂ ਹੈ।

ਤੁਸੀਂ ਜਦੋਂ ਚਾਹੋ ਆਪਣੀ ਮੌਤ ਵਿਚ ਸਹਾਇਤਾ ਲਈ ਤਾਰੀਕ ਮਿੱਥਣ ਦੀ ਚੋਣ ਕਰ ਸਕਦੇ ਹੋ।

ਫੌਰਨ ਪਲੈਨਾਂ ਨਾ ਬਣਾਉਣਾ ਆਮ ਹੈ, ਅਤੇ ਤੁਸੀਂ ਤਿਆਰ ਹੋਣ ’ਤੇ ਅਸਿਸਟਡ ਡਾਇੰਗ ਪ੍ਰੋਗਰਾਮ ਨੂੰ ਫੋਨ ਕਰ ਸਕਦੇ ਹੋ। ਇਸ ਬਾਰੇ ਤੁਸੀਂ ਅਸੈੱਸਰਾਂ ਨਾਲ ਹੋਰ ਗੱਲਬਾਤ ਕਰ ਸਕਦੇ ਹੋ।

### ਮਰਨ ਵਿਚ ਸਹਾਇਤਾ ਲਈ ਪਲੈਨਿੰਗ ਕਰਨ ਦੌਰਾਨ

- ਪਲੈਨਿੰਗ ਵਿਚ ਆਪਣੇ ਪਿਆਰਿਆਂ ਨੂੰ ਸ਼ਾਮਲ ਕਰਨ ਨਾਲ ਫਾਇਦਾ ਹੋ ਸਕਦਾ ਹੈ
- ਮੌਤ ਹੋਣ ਤੋਂ ਪਹਿਲਾਂ ਤੁਹਾਨੂੰ ਫਿਊਨਰਲ ਹੋਮ ਨਾਲ ਪਲੈਨਾਂ ਬਣਾਉਣ ਦੀ ਲੋੜ ਪਵੇਗੀ
- ਇਹ ਉਤਸ਼ਾਹ ਦਿੱਤਾ ਜਾਂਦਾ ਹੈ ਕਿ ਮੌਤ ਹੋਣ ਤੋਂ ਪਹਿਲਾਂ ਤੁਸੀਂ ਆਪਣੀ ਲਾਈਫ ਇਨਸ਼ੋਰੈਂਸ ਕੰਪਨੀ ਨਾਲ ਸੰਪਰਕ ਕਰੋ

ਯਾਦ ਰੱਖੋ ਕਿ ਤੁਸੀਂ ਆਪਣੀ ਬੇਨਤੀ ਕਿਸੇ ਵੇਲੇ ਵੀ ਵੀ ਰੋਕ ਸਕਦੇ ਹੋ ਜਾਂ ਵਾਪਸ ਲੈ ਸਕਦੇ ਹੋ।

### ਕਦਮ 4 – ਸਹਾਇਤਾ ਨਾਲ ਮੌਤ

ਯੋਗ ਹੋਣ ’ਤੇ, ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਤੁਹਾਡੀ ਸਹਾਇਤਾ ਨਾਲ ਮੌਤ ਕਦੋਂ ਅਤੇ ਕਿੱਥੇ ਹੋਵੇਗੀ। ਤੁਸੀਂ ਮੌਤ ਲਈ ਆਪਣੇ ਘਰ ਦੀ ਚੋਣ ਕਰ ਸਕਦੇ ਹੋ, ਜਾਂ ਉਸ ਰਿਹਾਇਸ਼ੀ ਥਾਂ ਦੀ ਚੋਣ ਕਰ ਸਕਦੇ ਹੋ ਜਿਹੜੀ ਸਹਾਇਤਾ ਨਾਲ ਮੌਤ ਦੀ ਆਗਿਆ ਦਿੰਦੀ ਹੈ। ਜੇ ਤੁਸੀਂ ਕਿਸੇ ਹੋਰ ਥਾਂ ਨੂੰ ਤਰਜੀਹ ਦਿੰਦੇ ਹੋਵੋ ਤਾਂ ਇਸ ਦਾ ਪਤਾ ਲਾਇਆ ਜਾ ਸਕਦਾ ਹੈ। ਸਹਾਇਤਾ ਨਾਲ ਮੌਤ ਵੇਲੇ ਤੁਸੀਂ ਪਰਿਵਾਰ ਜਾਂ ਦੋਸਤਾਂ ਦੇ ਤੁਹਾਡੇ ਕੋਲ ਹੋਣ ਦੀ ਚੋਣ ਵੀ ਕਰ ਸਕਦੇ ਹੋ।

## ਇਲਾਜ ਦੀਆਂ ਹੋਰ ਚੋਣਾਂ

ਇਹ ਮਹੱਤਵਪੂਰਨ ਹੈ ਕਿ ਜਾਣਕਾਰੀ ਲੈ ਕੇ ਫੈਸਲਾ ਕਰਨ ਲਈ ਤੁਹਾਡੇ ਕੋਲ ਉਹ ਹਰ ਚੀਜ਼ ਹੋਵੇ ਜਿਸ ਦੀ ਲੋੜ ਹੈ। ਆਪਣੀ ਤਕਲੀਫ ਦਾ ਇਲਾਜ ਕਰਨ ਦੇ ਹੋਰ ਤਰੀਕਿਆਂ ਦਾ ਪਤਾ ਲਾਉਣ ਲਈ, ਤੁਹਾਡਾ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ, ਡਿਸਏਬਿਲਟੀ ਲਈ ਮਦਦਾਂ, ਇਲਾਕੇ ਵਿਚਲੀਆਂ ਸੇਵਾਵਾਂ, ਦਰਦ ਘਟਾਉਣ ਵਾਲੀ ਸੰਭਾਲ, ਜਾਂ ਹੋਰ ਮੈਡੀਕਲ ਚੋਣਾਂ ਬਾਰੇ ਤੁਹਾਨੂੰ ਦੱਸਣ ਦੇ ਯੋਗ ਹਨ। ਤੁਸੀਂ ਆਪਣੇ ਫੈਮਿਲੀ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਕਮਿਊਨਿਟੀ ਹੈਲਥ ਨਰਸ ਤੋਂ ਵੀ ਹੋਰ ਜਾਣਕਾਰੀ ਪੁੱਛ ਸਕਦੇ ਹੋ।

**ਮਰਨ ਵਿਚ ਮੈਡੀਕਲ ਸਹਾਇਤਾ ਬਾਰੇ ਜ਼ਿਆਦਾ ਜਾਣਕਾਰੀ ਲਈ, ਇਨ੍ਹਾਂ ਵੈੱਬਸਾਈਟਾਂ ’ਤੇ ਜਾਉ:**

ਵੈਨਕੂਵਰ ਕੋਸਟਲ ਹੈਲਥ:
www.vch.ca/assisted-dying

ਹੈਲਥ ਕੈਨੇਡਾ:
https://www.canada.ca/en/health-canada/services/medical-assistance-dying.html

ਹੋਰ ਗੱਲਬਾਤ ਲਈ, ਤੁਸੀਂ, ਤੁਹਾਡਾ ਪਰਿਵਾਰ, ਡਾਕਟਰ, ਜਾਂ ਨਰਸ ਪ੍ਰੈਕਟੀਸ਼ਨਰ, ਵੀ ਸੀ ਐੱਚ ਅਸਿਸਟਡ ਡਾਇੰਗ ਪ੍ਰੋਗਰਾਮ ਨਾਲ ਸੰਪਰਕ ਕਰ ਸਕਦੇ ਹੋ:

ਫੋਨ: 1 844 550 5556 (ਬੀ ਸੀ ਵਿਚ)
604 875 4249 (ਬੀ ਸੀ ਤੋਂ ਬਾਹਰ)

ਈਮੇਲ: assisteddying@vch.ca

PATIENT APPROVED PUBLIC — Making better decisions together with patients and families

ਹੋਰ ਕਾਪੀਆਂ ਲੈਣ ਲਈ, **vch.eduhealth.ca** ’ਤੇ ਔਨਲਾਈਨ ਜਾਉ ਜਾਂ **phem@vch.ca** ’ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **GV.160.A88.PU** ਦੱਸੋ।
ਕਾਪੀਰਾਈਟ: ਵੈਨਕੂਵਰ ਕੋਸਟਲ ਹੈਲਥ, ਅਪਰੈਲ 2021

ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਅਰ ਟੀਮ ਵਲੋਂ ਦਿੱਤੀ ਗਈ ਸੀ।
vch.ca

Vancouver Coastal Health

Punjabi

# ਮਰਨ ਵਿਚ ਮੈਡੀਕਲ ਸਹਾਇਤਾ

# Medical Assistance In Dying



## ਮੇਡ ਕੀ ਹੈ?

ਮਰਨ ਵਿਚ ਮੈਡੀਕਲ ਸਹਾਇਤਾ (ਮੇਡ) ਇਕ ਤਰੀਕਾ ਹੈ ਜਿਸ ਵਿਚ ਕੋਈ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਉਸ ਯੋਗ ਵਿਅਕਤੀ ਦੀ ਮਦਦ ਕਰਦੇ ਹਨ ਜਿਹੜਾ ਆਪਣੀ ਮਰਜ਼ੀ ਨਾਲ ਆਪਣੀ ਜ਼ਿੰਦਗੀ ਖਤਮ ਕਰਨ ਲਈ ਬੇਨਤੀ ਕਰਦਾ ਹੈ। ਜੂਨ, 2016 ਵਿਚ ਮੇਡ ਕੈਨੇਡਾ ਵਿਚ ਲੀਗਲ ਹੋ ਗਿਆ। ਫੈਡਰਲ ਕਾਨੂੰਨ ਉਨ੍ਹਾਂ ਤਰੀਕਿਆਂ ਅਤੇ ਰਖਵਾਲੀਆਂ ਦਾ ਫੈਸਲਾ ਕਰਦੇ ਹਨ ਜਿਹੜੇ ਕਿਸੇ ਵਿਅਕਤੀ ਲਈ ਮਰਨ ਵਿਚ ਸਹਾਇਤਾ ਲਈ ਯੋਗ ਹੋਣ ਲਈ ਪੂਰੇ ਕਰਨੇ ਜ਼ਰੂਰੀ ਹਨ।

## ਆਪਣੀਆਂ ਚੋਣਾਂ 'ਤੇ ਵਿਚਾਰ ਕਰਨਾ

ਮੇਡ ਲਈ ਬੇਨਤੀ ਕਰਨਾ ਇਕ ਬਹੁਤ ਹੀ ਡੂੰਘਾ ਨਿੱਜੀ ਫੈਸਲਾ ਹੈ। ਸਵਾਲ ਪੈਦਾ ਹੋਣਾ ਆਮ ਗੱਲ ਹੈ। ਆਪਣੀਆਂ ਇੱਛਾਵਾਂ ਬਾਰੇ ਆਪਣੇ ਪਰਿਵਾਰ ਦੇ ਮੈਂਬਰਾਂ, ਅਧਿਆਤਮਕ ਮਦਦ ਕਰਨ ਵਾਲਿਆਂ, ਅਤੇ ਆਪਣੇ ਪਿਆਰਿਆਂ ਨਾਲ ਗੱਲ ਕਰਨਾ ਮਦਦਗਾਰ ਹੋ ਸਕਦਾ ਹੈ। ਫੈਸਲਾ ਕਰਨ ਤੋਂ ਪਹਿਲਾਂ ਇਲਾਜ ਲਈ ਆਪਣੀਆਂ ਸਾਰੀਆਂ ਚੋਣਾਂ 'ਤੇ ਵਿਚਾਰ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ।

ਤੁਸੀਂ ਜੋ ਵੀ ਫੈਸਲਾ ਕਰੋ, ਤੁਹਾਡੀ ਹੈਲਥ ਕੇਅਰ ਟੀਮ ਇਸ ਅਮਲ ਦੌਰਾਨ ਤੁਹਾਡੇ ਨਾਲ ਕੰਮ ਕਰਨ ਲਈ ਮੌਜੂਦ ਹੈ ਅਤੇ ਉਹ ਤੁਹਾਡੀਆਂ ਇੱਛਾਵਾਂ ਦਾ ਸਤਿਕਾਰ ਅਤੇ ਆਦਰ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰੇਗੀ।

## ਕੌਣ ਯੋਗ ਹੈ?

ਮੇਡ ਦੀ ਬੇਨਤੀ ਕਰਨ ਵਾਲਾ ਹਰ ਵਿਅਕਤੀ ਯੋਗ ਨਹੀਂ ਹੋਵੇਗਾ। ਯੋਗ ਹੋਣ ਲਈ:

- ਤੁਹਾਡੀ ਉਮਰ ਘੱਟੋ ਘੱਟ 18 ਸਾਲ ਹੋਣੀ ਜ਼ਰੂਰੀ ਹੈ
- ਤੁਹਾਡਾ ਕੈਨੇਡਾ ਵਿਚ ਸਰਕਾਰ ਦੇ ਫੰਡਾਂ ਨਾਲ ਮਿਲਣ ਵਾਲੀਆ ਸਿਹਤ ਸੇਵਾਵਾਂ ਲਈ ਯੋਗ ਹੋਣਾ ਜ਼ਰੂਰੀ ਹੈ
- ਤੁਹਾਡਾ ਕਿਸੇ ਹੋਰ ਦੇ ਪਰੈਸ਼ਰ ਤੋਂ ਬਿਨਾਂ ਮਦਦ ਲਈ ਕਹਿਣਾ ਜ਼ਰੂਰੀ ਹੈ
- ਤੁਹਾਡਾ ਜਾਣਕਾਰੀ ਲੈ ਕੇ ਸਹਿਮਤੀ ਦੇਣਾ ਜ਼ਰੂਰੀ ਹੈ
- ਤੁਹਾਡੀ ਮੈਡੀਕਲ ਹਾਲਤ (ਮਰਜ਼, ਬੀਮਾਰੀ ਜਾਂ ਅਪਾਹਜਤਾ) ਬਹੁਤ ਹੀ ਖਰਾਬ ਅਤੇ ਲਾਇਲਾਜ ਹੋਣੀ ਜ਼ਰੂਰੀ ਹੈ
- ਇਸ ਹਾਲਤ ਕਰਕੇ ਤੁਹਾਡਾ ਬਰਦਾਸ਼ਤ ਤੋਂ ਬਾਹਰਾ ਦੁੱਖ ਝਲਦੇ ਹੋਣਾ ਜ਼ਰੂਰੀ ਹੈ
- ਤੁਹਾਡੀ ਸਿਹਤ ਇੰਨੀ ਵਿਗੜ ਗਈ ਹੋਣੀ ਜ਼ਰੂਰੀ ਹੈ ਕਿ ਇਹ ਹੁਣ ਠੀਕ ਨਹੀਂ ਕੀਤੀ ਜਾ ਸਕਦੀ

ਮਾਰਚ, 2021 ਤੋਂ, ਦੋ ਵੱਖ ਵੱਖ ਤਰੀਕੇ ਹਨ ਜਿਸ ਹੇਠ ਕੋਈ ਯੋਗ ਵਿਅਕਤੀ ਆ ਸਕਦਾ ਹੈ, ਜੋ ਕਿ ਇਸ ਚੀਜ਼ 'ਤੇ ਆਧਾਰਿਤ ਹੈ ਕਿ ਕੀ ਨੇੜ ਭਵਿੱਖ ਵਿਚ ਕੁਦਰਤੀ ਮੌਤ ਹੋਣ ਵਾਲੀ ਹੈ ਜਾਂ ਨਹੀਂ। ਹਰ ਤਰੀਕੇ ਦੀਆਂ ਵੱਖ ਵੱਖ ਰਖਵਾਲੀਆਂ ਹਨ, ਪਰ ਦੋਨੋਂ ਤਰੀਕਿਆਂ ਲਈ ਚੁੱਕੇ ਜਾਣ ਵਾਲੇ ਕਦਮ ਇੱਕੋ ਜਿਹੇ ਹਨ। ਤੁਹਾਡੇ ਮੇਡ ਅਸੈੱਸਰ ਇਹ ਫੈਸਲਾ ਕਰਨਗੇ ਕਿ ਤੁਸੀਂ ਕਿਹੜੇ ਤਰੀਕੇ ਵਿਚ ਹੋਵੋਗੇ।

## ਮੇਡ ਲਈ ਤਰੀਕਾ

ਮੇਡ ਬਾਰੇ ਵਿਚਾਰ ਕਰਨ ਦੌਰਾਨ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਆਪਣੀ ਬੀਮਾਰੀ ਅਤੇ ਮੈਡੀਕਲ ਹਾਲਤ ਬਾਰੇ ਆਪਣੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨਾਲ ਗੱਲ ਕਰੋ। ਇਲਾਜ ਕਰਨ ਵਾਲੀਆਂ ਟੀਮਾਂ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਆਪਣੀ ਬੀਮਾਰੀ ਦਾ ਇਲਾਜ ਕਰਨ ਲਈ ਤੁਸੀਂ ਸਾਰੇ ਤਰੀਕਿਆਂ ਬਾਰੇ ਜਾਣਦੇ ਹੋ। ਤੁਹਾਡੇ ਲਈ ਪੇਸ਼ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਪ੍ਰਵਾਨ ਕਰਨਾ ਜ਼ਰੂਰੀ ਨਹੀਂ ਹੈ।

ਜੇ ਤੁਸੀਂ ਮੇਡ ਲਈ ਕਹਿਣ ਦੇ ਆਪਣੇ ਫੈਸਲੇ 'ਤੇ ਅਗਾਂਹ ਜਾਣਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਇਹ ਜਾਣੋ ਕਿ ਤੁਸੀਂ ਇਹ ਕਿਸੇ ਵੇਲੇ ਵੀ ਰੋਕ ਜਾਂ ਬੰਦ ਕਰ ਸਕਦੇ ਹੋ।

### ਕਦਮ 1 – ਮੇਡ ਲਈ ਬੇਨਤੀ ਕਰਨਾ

ਜੇ ਤੁਸੀਂ ਮੇਡ ਲਈ ਕਹਿਣਾ ਅਤੇ ਯੋਗਤਾ ਲਈ ਵਿਚਾਰ ਕੀਤੇ ਜਾਣਾ ਚਾਹੁੰਦੇ ਹੋਵੋ ਤਾਂ ਪਹਿਲਾ ਕਦਮ ਰਿਕੁਐਸਟ ਫਾਰ ਮੈਡੀਕਲ ਅਸਿਸਟੈਂਸ ਇਨ ਡਾਇੰਗ ਫਾਰਮ ਭਰਨਾ ਅਤੇ ਮੈਡੀਕਲ ਅਸਿਸਟੈਂਸ ਡਾਇੰਗ ਪ੍ਰੋਗਰਾਮ ਨੂੰ ਦੇਣਾ ਹੈ। ਤੁਹਾਡਾ ਡਾਕਟਰ, ਨਰਸ ਪ੍ਰੈਕਟੀਸ਼ਨਰ, ਜਾਂ ਤੁਹਾਡੀ ਕੇਅਰ ਟੀਮ ਟੀਮ ਦੇ ਹੋਰ ਮੈਂਬਰ ਇਸ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਇਸ ਫਾਰਮ 'ਤੇ ਦਸਖਤ ਕਰਕੇ:

- ਤੁਸੀਂ ਵਿਧੀ ਮੁਤਾਬਕ ਮੇਡ ਲਈ ਵਿਚਾਰ ਕੀਤੇ ਜਾਣ ਲਈ ਕਹਿ ਰਹੇ ਹੁੰਦੇ ਹੋ
- ਤੁਸੀਂ ਕਹਿ ਰਹੇ ਹੁੰਦੇ ਹੋ ਕਿ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਯੋਗਤਾ ਦਾ ਮਾਪ-ਦੰਡ ਪੂਰਾ ਕਰਦੇ ਹੋ
- ਇਹ ਪਤਾ ਲਾਉਣ ਲਈ ਕਿ ਕੀ ਤੁਸੀਂ ਯੋਗ ਹੋ, ਤੁਸੀਂ ਘੱਟੋ ਘੱਟ ਦੋ ਆਜ਼ਾਦ ਅਸੈੱਸਮੈਂਟਾਂ ਕੀਤੇ ਜਾਣ ਲਈ ਸਹਿਮਤੀ ਦੇ ਰਹੇ ਹੁੰਦੇ ਹੋ

### ਕਦਮ 2 – ਅਸੈੱਸਮੈਂਟਾਂ

ਤੁਹਾਡੀ ਮੈਡੀਕਲ ਟੀਮ ਜਾਂ ਅਸਿਸਟਡ ਡਾਇੰਗ ਪ੍ਰੋਗਰਾਮ ਦੋ ਅਸੈੱਸਮੈਂਟਾਂ ਕੀਤੇ ਜਾਣ ਦਾ ਪ੍ਰਬੰਧ ਕਰਨਗੇ। ਅਸੈੱਸਮੈਂਟ ਦਾ ਅਮਲ ਇਹ ਪੱਕਾ ਕਰਦਾ ਹੈ ਕਿ:

- ਤੁਸੀਂ ਆਪਣੀ ਬੀਮਾਰੀ ਦੇ ਇਲਾਜ ਲਈ ਸਾਰੀਆਂ ਚੋਣਾਂ ਤੋਂ ਜਾਣੂ ਹੋ
- ਤੁਸੀਂ ਯੋਗਤਾ ਲਈ ਮਾਪ-ਦੰਡ ਪੂਰੇ ਕਰਦੇ ਹੋ
- ਤੁਸੀਂ ਇਹ ਫੈਸਲਾ ਕਰਨ ਦੇ ਯੋਗ ਹੋ

ਦੋ ਵੱਖ ਵੱਖ ਮੈਡੀਕਲ ਪੇਸ਼ਾਵਰਾਂ (ਡਾਕਟਰਾਂ ਅਤੇ/ਜਾਂ ਨਰਸ ਪ੍ਰੈਕਟੀਸ਼ਨਰਾਂ) ਲਈ ਆਪੋ ਆਪਣੀ ਅਸੈੱਸਮੈਂਟ ਕਰਨਾ ਜ਼ਰੂਰੀ ਹੈ। ਹਰ ਅਸੈੱਸਮੈਂਟ ਵਿਚ ਤੁਹਾਡੇ ਨਾਲ ਮਿਲ ਕੇ ਜਾਂ ਟੈਲੀਮੈਡੀਸੀਨ ਵਿਜ਼ਟ ਕਰਨਾ ਸ਼ਾਮਲ ਹੋਵੇਗਾ। ਅਸੈੱਸਰ ਤੁਹਾਡਾ ਇਲਾਜ ਕਰਨ ਵਾਲੀ ਟੀਮ ਨਾਲ ਵੀ ਵਿਚਾਰ ਵਟਾਂਦਰਾ ਕਰ ਸਕਦੇ ਹਨ। ਜੇ ਉਨ੍ਹਾਂ ਨੂੰ ਇਹ ਪੱਕਾ ਪਤਾ ਨਾ ਲੱਗੇ ਕਿ ਕੀ ਤੁਸੀਂ ਫੈਸਲਾ ਕਰਨ ਦੇ ਯੋਗ ਹੋ ਜਾਂ ਨਹੀਂ, ਜਾਂ ਜੇ ਉਨ੍ਹਾਂ ਨੂੰ ਤੁਹਾਡੀ ਬੀਮਾਰੀ ਦੇ ਕਿਸੇ ਮਾਹਰ ਨਾਲ ਸਲਾਹ ਕਰਨ ਦੀ ਲੋੜ ਹੋਵੇ ਤਾਂ ਇਨ੍ਹਾਂ ਖੇਤਰਾਂ ਵਿਚਲਾ ਇਕ ਹੋਰ ਮਾਹਰ ਮੈਡੀਕਲ ਪੇਸ਼ਾਵਰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

ਕਿਰਪਾ ਕਰਕੇ ਇਹ ਗੱਲ ਜਾਣੋ ਕਿ ਜੇ ਇਕ ਅਸੈੱਸਰ ਤੁਹਾਨੂੰ ਯੋਗ ਨਹੀਂ ਸਮਝਦਾ ਤਾਂ ਤੁਸੀਂ ਕਿਸੇ ਹੋਰ ਮੈਡੀਕਲ ਪੇਸ਼ਾਵਰ ਵਲੋਂ ਹੋਰ ਅਸੈੱਸਮੈਂਟ ਕੀਤੇ ਜਾਣ ਲਈ ਕਹਿ ਸਕਦੇ ਹੋ।